# ਵਿਕਟਿਮ ਕੌਨਟੈਕਟ ਸਕੀਮ (ਪੀੜਤ ਸੰਪਰਕ ਯੋਜਨਾ)

NATIONAL PROBATION SERVICE

**ਨੈਸ਼ਨਲ ਪ੍ਰੋਬੇਸ਼ਨ ਸਰਵਿਸ ਦੀ ਵਿਕਟਿਮ ਕੌਨਟੈਕਟ ਸਕੀਮ ਨਾਲ ਇੱਕ ਜਾਣ-ਪਛਾਣ**

## NPS ਦੀ ਵਿਕਟਿਮ ਕੌਨਟੈਕਟ ਸਕੀਮ ਬਾਰੇ

ਨੈਸ਼ਨਲ ਪ੍ਰੋਬੇਸ਼ਨ ਸਰਵਿਸ (National Probation Service) (NPS), ਪੁਲੀਸ ਜਾਂ ਵਿਟਨੈਸ ਕੇਅਰ ਯੂਨਿਟ ਨੇ ਇਹ ਇਸ਼ਤਿਹਾਰ ਤੁਹਾਨੂੰ ਪ੍ਰੋਬੇਸ਼ਨ (ਅਜ਼ਮਾਇਸ਼) ਵਿਕਟਿਮ ਕੌਨਟੈਕਟ ਸਕੀਮ ਬਾਰੇ ਦੱਸਣ ਲਈ ਦਿੱਤਾ ਹੈ। ਪ੍ਰੋਬੇਸ਼ਨ ਵਿਕਟਿਮ ਕੌਨਟੈਕਟ ਸਕੀਮ ਦਾ ਇਹ ਕਨੂੰਨੀ ਫ਼ਰਜ਼ ਹੈ ਕਿ ਉਹ ਤੁਹਾਨੂੰ ਸੰਪਰਕ ਕਰੇ ਕਿਉਂਕਿ ਤੁਸੀਂ, ਜਾਂ ਤੁਹਾਡਾ ਕੋਈ ਨੇੜਲਾ, ਯੌਨ ਜਾਂ ਹਿੰਸਕ ਅਪਰਾਧ ਦੇ ਇੱਕ ਪੀੜਤ ਰਹੇ ਹੋ ਅਤੇ ਅਪਰਾਧੀ ਨੂੰ 12 ਮਹੀਨੇ ਜਾਂ ਵੱਧ ਲਈ ਕੈਦ ਹੋਈ ਹੈ, ਜਾਂ ਉਸ 'ਤੇ ਛੁੱਟੀ ਮਿਲਣ ਦੀਆਂ ਪਾਬੰਦੀਆਂ ਨਾਲ ਹਸਪਤਾਲ ਵਿੱਚ ਨਜ਼ਰਬੰਦ ਕੀਤਾ ਗਿਆ ਹੈ।

## ਅੱਗੇ ਕੀ ਹੋਵੇਗਾ?

ਪੁਲੀਸ ਤੁਹਾਡੇ ਵੇਰਵੇ ਵਿਕਟਿਮ ਕੌਨਟੈਕਟ ਸਕੀਮ ਨੂੰ ਭੇਜੇਗੀ ਬਸ਼ਰਤੇ ਤੁਸੀਂ ਉਹਨਾਂ ਨੂੰ ਅਜਿਹਾ ਨਾ ਕਰਨ ਲਈ ਨਾ ਕਿਹਾ ਹੋਵੇ। ਇਕ ਵਿਕਟਿਮ ਲਿਏਜ਼ਨ ਆਫ਼ਿਸਰ ਤੁਹਾਡੇ ਘਰ, ਜਾਂ ਕਿਸੇ ਹੋਰ ਸੁਵਿਧਾਜਨਕ ਜਗ੍ਹਾ 'ਤੇ ਇੱਕ ਅਪੁਆਇੰਟਮੈਂਟ ਲਈ ਪੇਸ਼ਕਸ਼ ਕਰਨ ਵਾਸਤੇ ਤੁਹਾਨੂੰ ਟੈਲੀਫ਼ੋਨ ਜਾਂ ਚਿੱਠੀ ਰਾਹੀਂ ਸੰਪਰਕ ਕਰੇਗਾ। ਅਫ਼ਸਰ ਇਹ ਪਤਾ ਕਰੇਗਾ ਕਿ ਕੀ ਤੁਹਾਡੀਆਂ ਕੋਈ ਖਾਸ ਲੋੜਾਂ ਹਨ, ਜਿਹਨਾਂ ਨੂੰ ਤੁਸੀਂ ਧਿਆਨ ਹਿਤ ਰੱਖਿਆ ਜਾਣਾ ਚਾਹੋਗੇ। ਉਦਾਹਰਣ ਲਈ, ਹੋ ਸਕਦਾ ਹੈ ਤੁਸੀਂ ਇੱਕ ਦੁਭਾਸ਼ੀਏ ਦੀ ਵਰਤੋਂ ਕਰਨਾ ਚਾਹੋ। ਜੇ ਤੁਸੀਂ ਅਫ਼ਸਰ ਨੂੰ ਮਿਲੋਗੇ ਤਾਂ ਤੁਸੀਂ ਸ਼ਾਇਦ ਆਪਣੇ ਨਾਲ ਕਿਸੇ ਦੋਸਤ ਜਾਂ ਵਿਕਟਿਮ ਸਪੋਰਟ ਤੋਂ ਕਿਸੇ ਵਲੰਟੀਅਰ ਨੂੰ ਵੀ ਲਿਜਾ ਸਕਦੇ ਹੋ।

ਅਪਰਾਧੀ ਨੂੰ ਅਦਾਲਤ ਵਿੱਚ ਸਜ਼ਾ ਦਿੱਤੇ ਜਾਣ ਦੇ ਅੱਠ ਹਫ਼ਤਿਆਂ ਦੇ ਅੰਦਰ-ਅੰਦਰ ਤੁਹਾਨੂੰ ਤੁਹਾਡੇ ਅਫ਼ਸਰ ਵੱਲੋਂ ਸੰਪਰਕ ਕੀਤਾ ਜਾਣਾ ਚਾਹੀਦਾ ਹੈ। ਜੇ ਤੁਸੀਂ ਪਹਿਲਾਂ ਸੰਪਰਕ ਕਰਨਾ ਚਾਹੁੰਦੇ ਹੋ ਤਾਂ ਤੁਸੀਂ ਆਪਣੇ ਸਥਾਨਕ ਪ੍ਰੋਬੇਸ਼ਨ ਦਫ਼ਤਰ ਵਿਖੇ ਫ਼ੋਨ ਕਰਕੇ (ਉਹਨਾਂ ਦਾ ਨੰਬਰ ਤੁਹਾਡੀ ਸਥਾਨਕ ਟੈਲੀਫ਼ੋਨ ਡਾਇਰੈਕਟਰੀ ਵਿੱਚ ਹੋਵੇਗਾ) ਕਹਿ ਸਕਦੇ ਹੋ ਕਿ ਉਹ ਤੁਹਾਨੂੰ ਉਹਨਾਂ ਦੇ ਵਿਕਟਿਮ ਕੌਨਟੈਕਟ ਯੂਨਿਟ ਨਾਲ ਸੰਪਰਕ ਕਰਵਾਉਣ।

**ਇਸ ਸੇਵਾ ਵਿੱਚ ਤੁਹਾਡੀ ਸ਼ਮੂਲੀਅਤ ਪੂਰੀ ਤਰ੍ਹਾਂ ਸਵੈ-ਇੱਛੁਕ ਹੈ, ਅਤੇ ਅਪਰਾਧੀ ਦੀ ਸਜ਼ਾ ਦੌਰਾਨ ਕਿਸੇ ਵੀ ਸਮੇਂ ਤੁਸੀਂ ਇੱਕ ਵਿਕਟਿਮ ਲਿਏਜ਼ਨ ਆਫ਼ਿਸਰ ਨਾਲ ਸੰਪਰਕ ਕਰਨ ਬਾਰੇ ਆਪਣਾ ਮਨ ਬਦਲ ਸਕਦੇ ਹੋ।**

## ਜੇ ਮੈਂ ਵਿਕਟਿਮ ਲਿਏਜ਼ਨ ਆਫ਼ਿਸਰ ਨੂੰ ਮਿਲਾਂ ਤਾਂ ਮੈਨੂੰ ਕੀ ਉਮੀਦ ਕਰਨੀ ਚਾਹੀਦੀ ਹੈ?

ਅਫ਼ਸਰ:

- ਇਹ ਦੇਖੇਗਾ ਕਿ ਕੀ ਤੁਹਾਡੇ ਪ੍ਰਤੀ ਅਪਰਾਧੀ ਦੇ ਵਤੀਰੇ ਬਾਰੇ ਤੁਹਾਨੂੰ ਕੋਈ ਫ਼ੌਰੀ ਚਿੰਤਾਵਾਂ ਹਨ
- ਸਮਝਾਏਗਾ ਕਿ ਜਿਹੜੀ ਜਾਣਕਾਰੀ ਤੁਸੀਂ ਵਿਕਟਿਮ ਕੌਨਟੈਕਟ ਸਕੀਮ ਨੂੰ ਦਿੰਦੇ ਹੋ ਉਸ ਨਾਲ ਕੀ ਹੁੰਦਾ ਹੈ
- ਇਹ ਜਾਣਕਾਰੀ ਮੁਹੱਈਆ ਕਰਾਏਗਾ ਕਿ ਫੌਜਦਾਰੀ ਨਿਆਂ ਪ੍ਰਕਿਰਿਆ ਕੀ ਹੁੰਦੀ ਹੈ ਅਤੇ ਜੇਲ੍ਹਾਂ ਤੇ ਸੁਰੱਖਿਅਤ ਹਸਪਤਾਲ ਕਿਵੇਂ ਕੰਮ ਕਰਦੇ ਹਨ
- ਸਮਝਾਏਗਾ ਕਿ ਅਪਰਾਧੀ ਦੀ ਸਜ਼ਾ ਦਾ ਕੀ ਮਤਲਬ ਹੈ ਅਤੇ ਇਸ ਬਾਰੇ ਫ਼ੈਸਲੇ ਕਿਵੇਂ ਕੀਤੇ ਜਾਂਦੇ ਹਨ ਕਿ ਅਪਰਾਧੀ ਜੇਲ੍ਹ ਜਾਂ ਹਸਪਤਾਲ ਵਿੱਚ ਕਿੰਨਾ ਸਮਾਂ ਰਹੇਗਾ
- ਪੁੱਛੇਗਾ ਕਿ ਕੀ ਤੁਸੀਂ ਅਪਰਾਧੀ ਦੀ ਸਜ਼ਾ ਦੌਰਾਨ ਅਹਿਮ ਤਬਦੀਲੀਆਂ ਬਾਰੇ ਸੂਚਿਤ ਕੀਤੇ ਜਾਣਾ ਚਾਹੋਗੇ (ਉਦਾਹਰਣ ਲਈ, ਜਦੋਂ ਕਿਸੇ ਕੈਦੀ ਨੂੰ ਕਿਸੇ ਵੱਖਰੀ ਸ਼੍ਰੇਣੀ ਦੀ ਜੇਲ੍ਹ ਜਾਂ ਹਸਪਤਾਲ ਵਿੱਚ ਲਿਜਾਇਆ ਜਾਂਦਾ ਹੈ)
- ਤੁਹਾਡੇ ਸਥਾਨਕ ਇਲਾਕੇ ਵਿੱਚ ਹੋਰਨਾਂ ਸੇਵਾਵਾਂ ਬਾਰੇ ਜਾਣਕਾਰੀ ਮੁਹੱਈਆ ਕਰਾਏਗਾ ਜਿਹੜੀਆਂ ਸ਼ਾਇਦ ਤੁਹਾਨੂੰ ਲਾਹੇਵੰਦ ਲੱਗਣ

## ਜੇ ਮੈਂ ਅਪਰਾਧੀ ਦੀ ਪੂਰੀ ਸਜ਼ਾ ਦੌਰਾਨ ਇੱਕ ਵਿਕਟਿਮ ਲਿਏਜ਼ਨ ਆਫ਼ਿਸਰ ਨਾਲ ਸੰਪਰਕ ਵਿੱਚ ਰਹਿਣ ਦਾ ਫ਼ੈਸਲਾ ਕਰਾਂ ਤਾਂ ਕੀ ਹੋਵੇਗਾ?

ਜੇ ਤੁਸੀਂ ਕਿਸੇ ਅਫ਼ਸਰ ਨਾਲ ਸੰਪਰਕ ਰੱਖਣਾ ਚਾਹੁੰਦੇ ਹੋ, ਤਾਂ ਉਹ:

- ਸਮਝਾ ਸਕਦਾ ਹੈ ਕਿ ਤੁਸੀਂ ਉਹਨਾਂ ਸ਼ਰਤਾਂ ਬਾਰੇ ਆਪਣੇ ਵਿਚਾਰ ਕਿਵੇਂ ਪੇਸ਼ ਕਰ ਸਕਦੇ ਹੋ ਜਿਹੜੀਆਂ ਤੁਸੀਂ ਸੋਚਦੇ ਹੋ ਕਿ ਆਖ਼ਰਕਾਰ ਅਪਰਾਧੀ ਦੇ ਜੇਲ੍ਹ ਜਾਂ ਹਸਪਤਾਲ ਤੋਂ ਰਿਹਾਅ ਹੋ ਜਾਣ ਮਗਰੋਂ ਉਸ 'ਤੇ ਲਗਾਈਆਂ ਜਾਣੀਆਂ ਚਾਹੀਦੀਆਂ ਹਨ। ਇਸ ਵਿੱਚ ਤੁਹਾਨੂੰ ਜਾਂ ਤੁਹਾਡੇ ਪਰਿਵਾਰ ਨੂੰ ਸੰਪਰਕ ਨਾ ਕਰਨ ਦੀ ਇੱਕ ਸ਼ਰਤ ਸ਼ਾਮਲ ਹੋ ਸਕਦੀ ਹੈ
- ਤੁਹਾਨੂੰ ਦੱਸ ਸਕਦਾ ਹੈ ਕਿ ਅਪਰਾਧੀ ਨੂੰ ਕਦੋਂ ਰਿਹਾਅ ਕੀਤਾ ਜਾ ਰਿਹਾ ਹੈ ਅਤੇ ਕੀ ਕਿਸੇ ਸ਼ਰਤ ਦਾ ਸਬੰਧ ਤੁਹਾਡੇ ਨਾਲ ਹੈ
- ਤੁਹਾਡੇ ਨਾਲ ਉਦੋਂ ਸੰਪਰਕ ਵਿੱਚ ਰਹਿ ਸਕਦਾ ਹੈ ਜਦੋਂ ਅਪਰਾਧੀ ਕਮਿਊਨਿਟੀ ਵਿੱਚ ਨਿਗਰਾਨੀ ਹੇਠ ਹੋਵੇਗਾ ਅਤੇ ਤੁਹਾਨੂੰ ਸੂਚਿਤ ਕਰ ਸਕਦਾ ਹੈ ਕਿ ਅਪਰਾਧੀ ਦੀ ਨਿਗਰਾਨੀ ਕਦੋਂ ਖਤਮ ਰਹੀ ਹੈ

## ਹੋਰ ਲਾਹੇਵੰਦ ਨੰਬਰ

**ਪ੍ਰਿਜ਼ਨ ਸਰਵਿਸ ਵਿਕਟਿਮ ਹੈਲਪਲਾਈਨ (Prison Service Victim Helpline)**
**0845 7585 112**

ਜੇ ਤੁਹਾਨੂੰ ਕਿਸੇ ਕੈਦੀ ਤੋਂ ਅਣਚਾਹੇ ਸੰਪਰਕ ਬਾਰੇ ਚਿੰਤਾ ਹੋਵੇ ਤਾਂ ਤੁਸੀਂ ਇਸ ਹੈਲਪਲਾਈਨ 'ਤੇ ਫ਼ੋਨ ਕਰ ਸਕਦੇ ਹੋ।

ਹੈਲਪਲਾਈਨ ਸਟਾਫ਼ ਤੁਹਾਡੀ ਕਾਲ ਦੇ ਵੇਰਵੇ ਪ੍ਰਿਜ਼ਨ ਗਵਰਨਰ ਨੂੰ ਭੇਜ ਦੇਵੇਗਾ, ਜੋਕਿ ਫੇਰ ਤਫ਼ਤੀਸ਼ ਕਰੇਗਾ ਅਤੇ ਫ਼ੈਸਲਾ ਕਰੇਗਾ ਕਿ ਕੀ ਕਾਰਵਾਈ ਕੀਤੀ ਜਾਵੇ। ਇਸ ਵਿੱਚ ਕਿਸੇ ਕੈਦੀ ਦੇ ਪੱਤਰ-ਵਿਹਾਰ ਅਤੇ ਫ਼ੋਨ ਕਾਲਾਂ ਦੀ ਨਿਗਰਾਨੀ ਕਰਨਾ ਸ਼ਾਮਲ ਹੋ ਸਕਦਾ ਹੈ। ਹੈਲਪਲਾਈਨ ਸਟਾਫ਼ ਤੁਹਾਨੂੰ ਵਿਅਕਤੀਗਤ ਕੈਦੀਆਂ ਬਾਰੇ ਜਾਣਕਾਰੀ ਨਹੀਂ ਦੇ ਸਕਦਾ ਪਰ ਇਹ ਤੁਹਾਨੂੰ ਦੱਸੇਗਾ ਕਿ ਤੁਹਾਡੀਆਂ ਚਿੰਤਾਵਾਂ ਨਾਲ ਕਿਵੇਂ ਨਜਿੱਠਿਆ ਗਿਆ ਹੈ।

**ਵਿਕਟਿਮ ਸਪੋਰਟ (Victim Support)**
**0845 30 30 900**

ਵਿਕਟਿਮ ਸਪੋਰਟ ਅਪਰਾਧ ਦੁਆਰਾ ਪ੍ਰਭਾਵਤ ਹੋਏ ਲੋਕਾਂ ਲਈ ਕੌਮੀ ਚੈਰਿਟੀ ਹੈ। ਇਹ ਇੱਕ ਸੁਤੰਤਰ ਸੰਸਥਾ ਹੈ ਅਤੇ ਕਮਿਊਨਿਟੀ ਦੇ ਸਾਰੇ ਹਿੱਸਿਆਂ ਨੂੰ ਇੱਕ ਮੁਫ਼ਤ ਅਤੇ ਗੁਪਤ ਸੇਵਾ ਪੇਸ਼ ਕਰਦੀ ਹੈ। ਵਲੰਟੀਅਰ ਭਾਵਾਤਮਕ ਜਾਂ ਅਮਲੀ ਮਦਦ ਪੇਸ਼ ਕਰ ਸਕਦੇ ਹਨ।

## ਸ਼ਿਕਾਇਤਾਂ

ਜੇ ਤੁਹਾਨੂੰ ਮਿਲਣ ਵਾਲੀ ਸੇਵਾ ਬਾਰੇ ਤੁਹਾਡੀ ਕੋਈ ਸ਼ਿਕਾਇਤ ਹੋਵੇ ਤਾਂ ਕਿਰਪਾ ਕਰਕੇ ਆਪਣੇ ਵਿਕਟਿਮ ਲਿਏਜ਼ਨ ਆਫ਼ਿਸਰ ਜਾਂ ਉਹਨਾਂ ਦੇ ਮੈਨੇਜਰ ਨਾਲ ਗੱਲ ਕਰੋ, ਜੋ ਮਦਦ ਕਰਨ ਦਾ ਜਤਨ ਕਰੇਗਾ। ਜੇ ਇਹ ਕੰਮ ਨਾ ਕਰਦਾ ਜਾਂ ਤੁਸੀਂ ਮੈਨੇਜਰ ਨਾਲ ਗੱਲ ਨਹੀਂ ਕਰਨਾ ਚਾਹੁੰਦੇ, ਤਾਂ ਤੁਸੀਂ ਆਪਣੇ ਸਥਾਨਕ ਪ੍ਰੋਬੇਸ਼ਨ ਇਲਾਕੇ ਦੇ ਚੀਫ਼ ਆਫ਼ਿਸਰ ਨੂੰ ਲਿਖਤੀ ਰੂਪ ਵਿੱਚ ਵੀ ਸ਼ਿਕਾਇਤ ਕਰ ਸਕਦੇ ਹੋ। ਜੇ ਤੁਹਾਨੂੰ ਸੰਤੁਸ਼ਟੀ ਨਾ ਹੋਈ ਹੋਵੇ ਤਾਂ ਤੁਸੀਂ ਸਥਾਨਕ ਪ੍ਰੋਬੇਸ਼ਨ ਬੋਰਡ ਨੂੰ ਸ਼ਿਕਾਇਤ ਕਰ ਸਕਦੇ ਹੋ ਜੋ ਤੁਹਾਡੀਆਂ ਚਿੰਤਾਵਾਂ ਦੀ ਤਫ਼ਤੀਸ਼ ਕਰੇਗਾ। ਜੇ NPS ਦੁਆਰਾ ਕਿਸੇ ਸ਼ਿਕਾਇਤ ਦਾ ਨਿਪਟਾਰਾ ਨਹੀਂ ਕੀਤਾ ਜਾ ਸਕਦਾ, ਤਾਂ ਅਪੀਲ ਦਾ ਅੰਤਮ ਪੜਾਅ ਤੁਹਾਡੇ ਸਥਾਨਕ MP ਰਾਹੀਂ ਹੋਵੇਗਾ, ਜੋ ਤੁਹਾਡੇ ਵੱਲੋਂ ਪਾਰਲੀਮੈਂਟਰੀ ਓਮਬਡਜ਼ਮੈਨ (ਸੰਸਦੀ ਲੋਕਪਾਲ) ਅੱਗੇ ਇੱਕ ਸ਼ਿਕਾਇਤ ਉਠਾ ਸਕਦਾ ਹੈ।

## ਸਵਾਲ ਅਤੇ ਅਗਲੀ ਜਾਣਕਾਰੀ

ਜੇ ਇਸ ਇਸ਼ਤਿਹਾਰ ਵਿਚਲੀ ਜਾਣਕਾਰੀ ਬਾਰੇ ਤੁਹਾਡੇ ਕੋਈ ਸਵਾਲ ਹੋਣ, ਜਾਂ ਤੁਸੀਂ ਇੱਕ ਵਿਕਟਿਮ ਲਿਏਜ਼ਨ ਆਫ਼ਿਸਰ ਨਾਲ ਕੋਈ ਫ਼ੌਰੀ ਚਿੰਤਾਵਾਂ ਬਾਰੇ ਚਰਚਾ ਕਰਨਾ ਚਾਹੋ, ਤਾਂ ਤੁਸੀਂ ਆਪਣੇ ਸਥਾਨਕ ਪ੍ਰੋਬੇਸ਼ਨ ਇਲਾਕੇ ਨੂੰ ਸੰਪਰਕ ਕਰ ਸਕਦੇ ਹੋ।

ਜੇ ਤੁਸੀਂ ਇਹ ਇਸ਼ਤਿਹਾਰ ਕਿਸੇ ਵੱਖਰੀ ਭਾਸ਼ਾ ਵਿੱਚ ਲੈਣਾ ਚਾਹੋ ਤਾਂ ਕਿਰਪਾ ਕਰਕੇ ਦੱਸੋ।